
# ਲ਼ੰਡਾ ਪਤੰਗ



ਅਸੀ ਲ਼ੰਡਾ ਪਤੰਗ **Canada** ਤੋ ਉੱਡਾਵਾ ਗੇ ।
ਸੋਹਣੀ ਪਤੰਗੀ ਨਾਲ ਪੇਚਾ **India** ਚ’ ਪਾਵਾ ਗੇ ।



ਪਹਿਲਾ ਗੰਢਾ ਵਾਲੀ ਡੋਰ ਨੂੰ ਸੁਲਝਾਵਾ ਗੇ ।
ਮਾਜ੍ਹਾਂ ਵੀ ਫਿਰ ਨਵਾ ਲਗਾਵਾ ਗੇ ।
ਨਕਲੀ ਮੁੱਛਾ, ਦਾਹੜੀ ਤੇ ਅੱਖਾ ਲਾ ਕੇ,
ਕਾਗਜ ਦੀ ਇਕ ਸੋਹਣੀ ਝਾਲਰ ਵੀ ਲਗਾਵਾ ਗੇ ।

ਅਸੀ ਲ਼ੰਡਾ ਪਤੰਗ **Canada** ਤੋ ਉੱਡਾਵਾ ਗੇ ।
ਸੋਹਣੀ ਪਤੰਗੀ ਨਾਲ ਪੇਚਾ **India** ਚ’ ਪਾਵਾ ਗੇ ।

ਇੱਸ ਸਾਲ ਅਸੀ ਵੀ **India** ਜਾਵਾਗੇ ।
ਝੂਠੀਆ-ਸੱਚੀਆ ਤਰੀਫਾ **Canada** ਦੀਆ ਸਣਾਵਾ ਗੇ ।
ਹਰ ਗੱਲ ਤੇ **Cadada-Canada** ਕਰੀ ਜਾਵਾਗੇ ।
ਕਈ ਸੋਹਣਿਆ ਨੂੰ ਬੇਵਕੂਫ ਬਣਾਵਾ ਗੇ ।

ਅਸੀ ਲ਼ੰਡਾ ਪਤੰਗ **Canada** ਤੋ ਉੱਡਾਵਾ ਗੇ ।
ਸੋਹਣੀ ਪਤੰਗੀ ਨਾਲ ਪੇਚਾ **India** ਚ’ ਪਾਵਾ ਗੇ ।

ਇੱਸ ਸਾਲ ਅਸੀ ਵੀ **India** ਜਾਵਾਗੇ ।
**Matrimonial** ਵੀ ਛੱਪਵਾਵਾ ਗੇ ।
ਸੋਹਣਿਆ ਦੀਆ ਤਸਵੀਰਾ ਮੰਗਵਾਵਾ ਗੇ ।
**Selected** ਨੂੰ ਫਿਰ ਮਿਲਣ ਲਈ ਜਾਵਾਗੇ ।
ਇਕ ਨੂੰ ਫਿਰ ਬਲੀ ਦਾ ਬੱਕਰਾ ਬਣਾਵਾ ਗੇ ।

ਅਸੀ ਲੰਡਾ ਪਤੰਗ **Canada** ਤੋ ਉੱਡਾਵਾ ਗੇ ।
ਸੋਹਣੀ ਪਤੰਗੀ ਨਾਲ ਪੇਚਾ **India** ਚ' ਪਾਵਾ ਗੇ ।

ਇੱਸ ਸਾਲ ਅਸੀ ਵੀ **India** ਜਾਵਾਗੇ ।
ਹਰ ਤੀਜੀ ਗੱਲ ਚ' **Bull-Shit** ਕਹੀ ਜਾਵਾ ਗੇ ।
ਫਿਰ **Bull** ਤੇ ਮੇਮਣੀ ਦਾ ਭੇੜ ਕਰਾਵਾ ਗੇ ।
ਮੇਮਣੀ ਦੀ ਹਰ ਮੈ-ਮੈ ਤੇ ਹੱਸਦੇ ਜਾਵਾ ਗੇ ।

ਅਸੀ ਲੰਡਾ ਪਤੰਗ **Canada** ਤੋ ਉੱਡਾਵਾ ਗੇ ।
ਸੋਹਣੀ ਪਤੰਗੀ ਨਾਲ ਪੇਚਾ **India** ਚ' ਪਾਵਾ ਗੇ ।

ਇੱਸ ਸਾਲ ਅਸੀ ਵੀ **India** ਜਾਵਾਗੇ ।
**Dollar store** ਤੋਂ **perfume** ਦੀਆ ਬੋਤਲਾ ਲੈ ਜਾਵਾਗੇ ।
ਇਕ-ਇਕ ਕਰਕੇ ਹਰੇਕ ਸੋਨੂ-ਮੋਨੂ ਦੇ ਹੱਥ ਫੜਾਵਾ ਗੇ ।
**Sarjinder** ਆਇਆ **Canada** ਤੋਂ,
ਸਸਤੇ ਚ' **advertisement** ਕਰਵਾਵਾ ਗੇ ।

ਅਸੀ ਲੰਡਾ ਪਤੰਗ **Canada** ਤੋ ਉੱਡਾਵਾ ਗੇ ।
ਸੋਹਣੀ ਪਤੰਗੀ ਨਾਲ ਪੇਚਾ **India** ਚ' ਪਾਵਾ ਗੇ ।

ਜਦੋ ਪਤੰਗੀ ਨੂੰ **Canada** ਚ' ਲਿਆਵਾਗੇ ।
**"I bow** ਗੁਡੀ**"** ਦੀ **kitty party** ਕਰਵਾਵਾਗੇ ।
ਸਾਰੇ ਦੋਸਤ **Canada-America** ਤੋ ਬਲਾਵਾ ਗੇ ।
ਪੀਜਾ, ਬੀਅਰ ਤੇ ਵਾਈਨ ਰੱਜ ਕੇ ੳਡਾਵਾ ਗੇ ।

ਅਸੀ ਲੰਡਾ ਪਤੰਗ **Canada** ਤੋ ਉੱਡਾਵਾ ਗੇ ।
ਸੋਹਣੀ ਪਤੰਗੀ ਨਾਲ ਪੇਚਾ **India** ਚ' ਪਾਵਾ ਗੇ ।

ਜਦੋ ਪਤੰਗੀ ਨੂੰ **Canada** ਚ' ਲਿਆਵਾਗੇ ।
ਨਵੀਆ ਤੜਾਵਾ ਫਿਰ ਪਾਵਾ ਗੇ ।
**Western dress** ਤੇ ਬੈਲੀ ਚ' **golden ring** ਪਵਾਵਾਗੇ ।
**Vancouver** ਦੀ ਬੀਚ ਤੇ ਫਿਰ ਖੁਲੀ ਹਵਾ ਚ ਉੜਾਵਾ ਗੇ ।
ਤੁਣਕੇ ਤੇ ਤੁਣਕਾ ਸਾਮ ਤੱਕ ਲਾਵਾ ਗੇ ।

ਅਸੀ ਲੰਡਾ ਪਤੰਗ **Canada** ਤੇ ਉੱਡਾਵਾ ਗੇ ।
ਸੋਹਣੀ ਪਤੰਗੀ ਨਾਲ ਪੇਚਾ **India** ਚ' ਪਾਵਾ ਗੇ ।

ਜਦੋ ਪਤੰਗੀ ਨੂੰ **Canada** ਚ' ਲਿਆਵਾਗੇ ।
ਫਿਰ ਉਸਨੂੰ ਇਹ ਵੀ ਸਮਝਾਵਾ ਗੇ ।
ਇਥੇ ਬੱਚੇ ਬਹੁੱਤ ਮਹਿੰਗੇ ਪੈਦੇ ਨੇ,
ਇਸ ਲਈ ਸੋਚ ਸੰਮਝ ਕੇ ਹੀ ਇਕ-ਦੋ ਹੀ ਬਣਾਵਾ ਗੇ ।

ਅਸੀ ਲੰਡਾ ਪਤੰਗ **Canada** ਤੇ ਉੱਡਾਵਾ ਗੇ ।
ਸੋਹਣੀ ਪਤੰਗੀ ਨਾਲ ਪੇਚਾ **India** ਚ' ਪਾਵਾ ਗੇ ।

ਜਦੋ ਪਤੰਗੀ ਨੂੰ **Canada** ਚ' ਲਿਆਵਾਗੇ ।
ਥੋੜੇ ਦਿਨ ਜੱਸਨ ਜਰੂਰ ਮੰਨਾਵਾ ਗੇ ।
ਕਾਰ ਚ' ਵੀ ਇੱਧਰ-ਉੱਧਰ ਘੁਮਾਵਾ ਗੇ ।
ਨਾਲ-ਨਾਲ ਬਿੱਲਾ ਦਾ ਹਿਸਾਬ ਕਿਤਾਬ ਵੀ ਸਮਝਾਵਾ ਗੇ ।
ਤੇ ਕਿਸੇ **factory** ਚ' **job** ਕਰਨ ਲਈ ਵੀ ਮਨਾਵਾ ਗੇ।

ਅਸੀ ਲੰਡਾ ਪਤੰਗ **Canada** ਤੇ ਉੱਡਾਵਾ ਗੇ ।
ਸੋਹਣੀ ਪਤੰਗੀ ਨਾਲ ਪੇਚਾ **India** ਚ' ਪਾਵਾ ਗੇ ।

ਜਦੋ ਪਤੰਗੀ ਨੂੰ **Canada** ਚ' ਲਿਆਵਾਗੇ ।
ਫਿਰ 25 ਸਾਲ ਉਸਦੀ **factory** ਚ' ਪਰੇਡ ਕਰਾਵਾਗੇ ।
ਉਹਦੀ ਕਮਾਈ ਨਾਲ **25** ਸਾਲ ਘੱਰ ਦੀ ਕਿੱਸਤ ਲਾਹਵਾਗੇ ।
ਇਕ ਅੱਧਾ ਗੇੜ੍ਹਾ **India** ਦਾ ਵੀ ਜਰੂਰ ਲਵਾਵਾ ਗੇ ।

ਅਸੀ ਲੰਡਾ ਪਤੰਗ **Canada** ਤੋ ਉੱਡਾਵਾ ਗੇ ।
ਸੋਹਣੀ ਪਤੰਗੀ ਨਾਲ ਪੇਚਾ **India** ਚ' ਪਾਵਾ ਗੇ ।

ਇਨੇ ਨੂੰ ਲੰਡੇ ਪਤੰਗ, **Sarjinder,** ਦੇ **bamboos** ਵੀ ਟੁਟ ਜਾਵਣਗੇ ।
ਪਤੰਗੀ ਦੀ **bamboo sticks** ਵੀ ਤੁਣਕਾ ਨਹੀ ਖਾਵਣ ਗੇ।
ਸਾਰੀ ਉਮਰ ਅਸੀ ਇਹ ਪਤੰਗੀ ਤੇ ਪਤੰਗ ਵਾਗੂ,
ਕਦੇ **Canada** ਤੇ ਕਦੇ **India** ਵੱਲ ਝੇਪਾ ਖਾਈ ਜਾਵਾਗੇ ।

ਅਸੀ ਲੰਡਾ ਪਤੰਗ **Canada** ਤੋ ਉੱਡਾਵਾ ਗੇ ।
ਸੋਹਣੀ ਪਤੰਗੀ ਨਾਲ ਪੇਚਾ **India** ਚ' ਪਾਵਾ ਗੇ ।

**Archived at (30/12/2005): www.geocities.com/new_punjabi_songs**
**Written by:**
**Dr. Sarjinder Singh, Assistant Professor, St. Cloud State University, St. Cloud, MN, USA**
**Note: All opinions are of author's own.**